ISSN: 2584-0509

# ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਵਿਚ ਡਾ. ਸੁਰਜੀਤ ਪਾਤਰ ਦੀ ਗੀਤਕਾਰੀ ਅਤੇ ਗਾਇਕੀ ਦੀ ਨਿਵੇਕਲਤਾ



ਡਾ. ਸਿਮਰਨਜੀਤ ਸਿੰਘ
ਮੁਖੀ ਪੋਸਟ ਗ੍ਰੈਜੂਏਟ
ਪੰਜਾਬੀ ਵਿਭਾਗ
ਇਟਰਨਲ ਯੂਨੀਵਰਸਿਟੀ,
ਬੜੂ ਸਾਹਿਬ
ਹਿਮਾਚਲ ਪ੍ਰਦੇਸ਼।
+91 9417642669

ਡਾ. ਸੁਰਜੀਤ ਪਾਤਰ ਜਿੰਨਾਂ ਨੂੰ ਆਧੁਨਿਕ ਸਮਕਾਲੀ ਪੰਜਾਬੀ ਕਵਿਤਾ ਦਾ ਸ਼ਾਹਸਵਾਰ ਕਿਹਾ ਜਾਂਦਾ ਹੈ ਉਹ ਸਾਹਿਤ ਅਕਾਦਮੀ ਤੇ ਪਦਮ ਸ੍ਰੀ ਦੇ ਨਾਲ-ਨਾਲ ਸਰਸਵਤੀ ਐਵਾਰਡਾਂ ਵਰਗੇ ਕਈ ਹੋਰ ਵੱਕਾਰੀ ਸਨਮਾਨਾਂ ਦੀ ਸ਼ੁਹਬਤ ਖੱਟਣ ਵਾਲੇ ਪੰਜਾਬੀਆਂ ਦੇ ਮਹਿਬੂਬ ਸ਼ਾਇਰ ਹਨ। ਪੰਜਾਬੀ ਸਾਹਿਤ ਵਿਚ ਜੇਕਰ ਕਿਸੇ ਸਮੇਂ ਸ਼ਿਵ ਕੁਮਾਰ ਬਟਾਲਵੀ ਦੀ ਗੀਤਕਾਰੀ ਕਾਲਜੀਏਟ ਨੌਜਵਾਨਾਂ ਦੇ ਪਿਆਰ ਖ਼ਤਾਂ ਦਾ ਸਰਮਾਇਆ ਰਹੀ ਹੈ ਤਾਂ ਇਸ ਕਥਨ ਵਿਚ ਵੀ ਕੋਈ ਅਤਿਕਥਨੀ ਨਹੀਂ ਕਿ ਸੁਰਜੀਤ ਪਾਤਰ ਦੀ ਸ਼ਾਇਰੀ ਅਜੋਕੇ ਨੌਜਵਾਨਾਂ ਦੇ ਦਿਲਾਂ ਦੀ ਧੜਕਨ ਆਖੀ ਜਾ ਸਕਦੀ ਹੈ। ਦੂਜੀ ਵੱਡੀ ਸਮਾਨਤਾ ਦੋਨਾਂ ਮਹਿਬੂਬ ਕਵੀਆਂ ਦੀ ਇਹ ਹੈ ਕਿ ਦੋਨਾਂ ਸ਼ਾਇਰਾਂ ਨੇ ਆਪਣੀ ਸ਼ਾਇਰੀ ਕੇਵਲ ਪੁਸਤਕਾਂ ਤੱਕ ਹੀ ਮਹਿਦੂਦ ਨਹੀਂ ਰੱਖੀ ਬਲਕਿ ਆਪਣੀ ਪਛਾਣ ਰਿਕਾਰਡਿਡ ਗਾਇਕੀ ਦੇ ਮਾਧਿਅਮ ਰਾਹੀਂ ਵੀ ਪੱਕੇ ਪੈਰੀਂ ਕੀਤੀ। ਬੱਸ ਫ਼ਰਕ ਦੋਨਾਂ ਵਿਚ ਇਹ ਹੈ ਕਿ ਸ਼ਿਵ ਕੁਮਾਰ ਦੇ ਗੀਤਾਂ ਨੂੰ ਬਹੁਤ ਸਾਰੇ ਗੱਵਈਆਂ ਨੇ ਰਿਕਾਰਡ ਕਰਵਾਇਆ ਹੈ ਜਦੋਂ ਕਿ ਸੁਰਜੀਤ ਪਾਤਰ ਦੀ ਬਹੁਤੀ ਰਿਕਾਰਡਿੰਗ ਉਸਦੀ ਆਪਣੀ ਆਵਾਜ਼ ਅਤੇ ਉਸਦੇ ਬੇਟੇ ਮਨਰਾਜ ਪਾਤਰ ਦੀ ਆਵਾਜ਼ ਵਿਚ ਹੋਈ ਮਿਲਦੀ ਹੈ। ਦੋਨਾਂ ਹੀ ਕਵੀਆਂ ਵਿਚ ਸਮਾਨ ਗੱਲ ਇਹ ਵੀ ਹੈ ਕਿ ਦੋਨੋਂ ਹੀ ਆਪਣਾ ਕਲਾਮ ਤਰੁੰਨਮ ਵਿਚ ਪੇਸ਼ ਕਰਨ ਦੇ ਉਸਤਾਦ ਰਹੇ ਹਨ।

ਅਸੀਂ ਜਦੋਂ ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਵਿਚੋਂ ਸੁਰਜੀਤ ਪਾਤਰ ਸਾਹਿਬ ਦੀ ਗੀਤਕਾਰੀ ਨੂੰ ਭਾਲਣ ਹਿੱਤ ਯੂ-ਟਿਊਬ ਸਰਚ-ਇੰਜਣ ‘ਤੇ ਭਾਲ ਕੀਤੀ ਤਾਂ ਸਾਨੂੰ ਉਹਨਾਂ ਦੀਆ ਲੱਗਭਗ 40 ਦੇ ਕਰੀਬ ਰਚਨਾਵਾਂ ਰਿਕਾਰਡ ਹੋਈਆਂ ਮਿਲੀਆਂ ਹਨ। ਅਸੀਂ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਇੱਥੇ ਸਿਰਫ਼ ਉਹਨਾਂ ਲਿਖਤਾਂ ਦੀ ਰਿਕਾਰਡਿੰਗ ਨੂੰ ਹੀ ਖੋਜ-ਡਾਟੇ ਵਜੋਂ ਵਰਤਿਆ ਹੈ ਜੋ ਖ਼ਾਸ ਕਰ ਰਿਕਾਰਡਿੰਗ ਤਕਨੀਕ ਅਤੇ ਰਿਕਾਰਡਿੰਗ ਨਿਯਮਾਂ ਅਤੇ ਤਕਨੀਕ ਨੂੰ ਧਿਆਨ ਵਿਚ ਰੱਖ ਕੇ ਰਿਕਾਰਡ ਕੀਤੀਆਂ ਗਈਆਂ ਹਨ। ਸੁਰਜੀਤ ਪਾਤਰ ਹੋਰਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਜੋ ਉਹਨਾਂ ਨੇ ਵੱਖ-ਵੱਖ ਕਵੀ ਦਰਬਾਰਾਂ, ਦੋਸਤਾਂ-ਮਿੱਤਰਾਂ ਦੀਆਂ ਮਹਿਫ਼ਲਾਂ ਜਾਂ ਹੋਰ-ਵੱਖ-ਵੱਖ ਸਮਾਗਮਾਂ ਵਿਚ ਪੇਸ਼ ਕੀਤੀਆਂ ਉਹਨਾਂ ਦੀ ਅਜਿਹੀ ਰਿਕਾਰਡਿੰਗ ਨੂੰ

ਅਸੀਂ ਇਸ ਖੋਜ ਡਾਟੇ ਵਿਚ ਸ਼ਾਮਿਲ ਨਹੀਂ ਕੀਤਾ। ਇਹੀ ਨਹੀਂ ਉਹਨਾਂ ਦੀਆਂ ਬਹੁਤ ਕਵਿਤਾਵਾਂ 'ਤੇ ਗ਼ਜ਼ਲਾਂ ਉਹਨਾਂ ਤੋਂ ਬਿਨਾਂ ਹੋਰ ਬਹੁਤ ਲੋਕਾਂ ਨੇ ਆਪਣੇ ਵੱਖੋ-ਵੱਖਰੇ ਅੰਦਾਜ਼ ਵਿਚ ਪੜ੍ਹ ਕੇ ਇੰਟਰਨੈੱਟ ਮਾਧਿਅਮ ਦੀ ਮਦਦ ਨਾਲ ਕਈ ਸੋਸ਼ਲ ਸਾਇਟਾਂ ਉੱਪਰ ਅਪਲੋਡ ਕੀਤੀਆਂ ਹਨ, ਅਸੀਂ ਅਜਿਹੇ ਡਾਟੇ ਨੂੰ ਵੀ ਇਸ ਖੋਜ ਬਾਬਤ ਨਜ਼ਰਅੰਦਾਜ਼ ਕੀਤਾ ਹੈ।

ਉਪਰੋਕਤ ਸੰਦਰਭ ਵਿਚ ਸੁਰਜੀਤ ਪਾਤਰ ਸਾਹਿਬ ਦੀ ਜੇਕਰ ਸਮੁੱਚੀ ਰਿਕਾਰਡਿੰਗ ਨੂੰ ਘੋਖੀਏ ਤਾਂ ਸਿਰਫ਼ ਤਿੰਨ ਗੀਤਾਂ (1. ਸੁੰਨੇ-ਸੁੰਨੇ ਰਾਹਾਂ ਵਿਚ ਕੋਈ-ਕੋਈ ਪੈੜ ਏ ... 2.ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ... 3. ਉੱਠ ਜਗਾ ਦੇ ਮੋਮਬੱਤੀਆਂ ...) ਨੂੰ ਛੱਡ ਕੇ ਬਾਕੀ ਸਾਰੀਆਂ ਗ਼ਜ਼ਲਾਂ ਹੀ ਰਿਕਾਰਡ ਹੋਈਆਂ ਮਿਲਦੀਆਂ ਹਨ। ਇੱਥੇ ਇੱਕ ਨੁਕਤਾ ਬਹੁਤ ਗੌਲਣਯੋਗ ਹੈ ਕਿ ਰਿਕਾਰਡ ਗਾਇਕੀ ਦੇ ਇਤਿਹਾਸ ਵਿਚ ਗੀਤ ਦੀ ਪਰਿਭਾਸ਼ਾ ਇੰਨ-ਬਿੰਨ ਉਹ ਨਹੀਂ ਰਹਿੰਦੀ ਜੋ ਕੋਸ਼ਾਂ ਜਾਂ ਡਿਕਸ਼ਨਰੀਆਂ ਦੇ ਇੰਦਰਾਜਾਂ ਦੇ ਅੰਤਰਗਤ ਦਿੱਤੀ ਗਈ ਹੁੰਦੀ ਹੈ ਬਲਕਿ ਰਿਕਾਰਡਿੰਗ ਗੀਤ ਦੀ ਪਰਿਭਾਸ਼ਾ ਰਿਕਾਰਡਿੰਗ ਦੀ ਉਸ ਪਰੰਪਰਾ ਦੀ ਹਾਮੀ ਭਰਦੀ ਹੈ ਜਿਸ ਵਿਚ ਜੋ ਵੀ ਰਿਕਾਰਡ ਕਰਵਾਇਆ ਜਾਵੇ ਉਹ ਗੌਣ ਹੈ ਭਾਵ ਗੀਤ ਹੈ, ਫਿਰ ਚਾਹੇ ਉਹ ਸਥਾਈ-ਅੰਤਰੇ ਦੀ ਜੁਗਤ ਦੇ ਬਿਨਾਂ ਹੀ ਰਿਕਾਰਡ ਕਿਉਂ ਨਾ ਕੀਤਾ ਗਿਆ ਹੋਵੇ। ਸੋ ਜਦੋਂ ਅਸੀਂ ਪੰਜਾਬੀ ਰਿਕਾਰਡ ਗਾਇਕੀ ਵਿਚਲੇ ਡਾਟੇ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਇਸ ਵਿਚ ਰੂਪਾਕਾਰਕ ਪੱਧਰ 'ਤੇ ਵੱਖ-ਵੱਖ ਵਖ਼ਰੇਵਿਆਂ ਦੇ ਬਾਵਜੂਦ ਸੋਲੋ, ਦੋਗਾਣਾ, ਤੂੰਬੇ-ਅਲਗੋਜ਼ੇ ਦਾ ਗੌਣ, ਢੱਡ-ਸਾਰੰਗੀ ਦੇ ਗੌਣ ਦੇ ਅੰਤਰਗਤ ਕਲੀ, ਵਾਰ, ਸੱਦ, ਕਵੀਸ਼ਰੀ, ਲੋਕ ਗੀਤ, ਟੱਪਾ, ਬੋਲੀ, ਕੌਮਿਕ, ਧਾਰਮਿਕ, ਕੱਵਾਲੀ, ਫ਼ਿਲਮੀ ਗੀਤ ਅਤੇ ਗ਼ਜ਼ਲਾਂ ਸਭ ਕੁਝ ਗੀਤ ਦੇ ਦਾਇਰੇ ਦੇ ਅੰਤਰਗਤ ਹੀ ਰਿਕਾਰਡ ਹੋਇਆ ਮਿਲਦਾ ਹੈ। ਇਹ ਵੀ ਸੱਚ ਹੈ ਕਿ ਗੀਤ ਦਾ ਗਾਇਆ ਜਾਣਾ ਲਾਜ਼ਮੀ ਹੈ ਪਰ ਰਿਕਾਰਡਿੰਗ ਵਿਚ ਜੋ ਵੀ ਗਾਇਆ ਜਾਵੇ ਉਹ ਜ਼ਰੂਰੀ ਨਹੀਂ ਕਿ ਉਹ ਗੀਤ ਹੀ ਹੋਵੇ ਪਰ ਨਿਰਸੰਦੇਹ ਗਾਏ ਜਾਣ ਸਦਕਾ ਉਹ ਗਾਇਕੀ ਦੀ ਸਿਨਫ਼ ਦੇ ਅੰਤਰਗਤ ਲਾਜ਼ਮੀ ਸ਼ਾਮਿਲ ਹੋ ਜਾਂਦਾ ਹੈ। ਸੋ ਇਸ ਤੱਥ ਦੇ ਆਧਾਰ 'ਤੇ ਪਾਤਰ ਸਾਹਿਬ ਦੀਆਂ ਲਿਖੀਆਂ ਗ਼ਜ਼ਲਾਂ ਵੀ ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਅੰਦਰ ਪੰਜਾਬੀ ਗਾਇਕੀ ਦਾ ਅਮੀਰ ਸਰਮਾਇਆ ਹਨ ਜਿੰਨਾਂ ਦੇ ਵਿਲੱਖਣ ਤੱਤਾਂ ਨੂੰ ਭਾਲਣ ਹਿੱਤ ਹੀ ਹੱਥਲੇ ਖੋਜ ਪੱਤਰ ਦੀ ਦਿਸ਼ਾ ਉਲੀਕੀ ਗਈ ਹੈ।

ਜਿਵੇਂ ਕਿ ਉਪਰੋਕਤ ਦੱਸਿਆ ਜਾ ਚੁੱਕਾ ਹੈ ਕਿ ਹੁਣ ਤੱਕ ਪੰਜਾਬੀ ਰਿਕਾਰਡਿੰਗ ਦੇ ਇਤਿਹਾਸ ਅੰਦਰ ਸੁਰਜੀਤ ਪਾਤਰ ਦੁਆਰਾ ਲਿਖੀਆਂ ਜ਼ਿਆਦਾਤਰ ਗ਼ਜ਼ਲਾਂ ਹੀ ਪੰਜਾਬੀ ਰਿਕਾਰਡਿੰਗ ਦਾ ਹਿੱਸਾ ਬਣੀਆਂ ਹਨ ਜਿੰਨਾਂ ਨੂੰ ਗਾਉਣ ਵਾਲੇ ਗੱਵਈਆਂ ਵਿਚ ਖ਼ੁਦ ਸੁਰਜੀਤ ਪਾਤਰ ਸਮੇਤ ਉਹਨਾਂ ਦਾ ਬੇਟਾ ਮਨਰਾਜ ਪਾਤਰ, ਹੰਸ ਰਾਜ ਹੰਸ, ਦੀਦਾਰ ਸਿੰਘ ਪਰਦੇਸੀ, ਉਪਕਾਰ ਸਿੰਘ, ਦੇਵ ਦੀਦਾਰ, ਵੀਰ ਸੁਖਵੰਤ, ਕਮਲ ਕਲੇਰ, ਸੁਮੀਰਾ ਠਾਕਰ, ਸਿਮਰਜੀਤ ਕੌਰ, ਅਮੀ ਪਾਪਰਾ, ਗੁਰਨਾਮ ਵਿਰਦੀ, ਤਨਵੀਰ ਸੰਧੂ ਅਤੇ ਰਵੀ ਮਾਨ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸੰਨ 1993 ਵਿਚ ਜਨਾਬ ਸੁਰਜੀਤ ਪਾਤਰ ਹੋਰਾਂ ਦੁਆਰਾ ਲਿਖੇ ਗੀਤ 'ਸੁੰਨੇ-ਸੁੰਨੇ ਰਾਹਾਂ ਵਿਚ ਕੋਈ-ਕੋਈ ਪੈੜ ਏ, ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖੈਰ ਏ...' ਨੂੰ ਜਦ ਹੰਸ ਰਾਜ ਹੰਸ ਨੇ ਆਪਣੀ ਐਲਬਮ 'ਇਸ਼ਕੇ ਦੀ ਬਰਸਾਤ'[1] ਵਿਚ ਰਿਕਾਰਡ ਕਰਵਾਇਆ ਤਾਂ ਪਾਤਰ ਸਾਹਿਬ ਬਕਾਇਦਾ ਰਿਕਾਰਡ ਪੰਜਾਬੀ ਗੀਤਕਾਰੀ ਵਿਚ ਆਪਣਾ ਖਾਤਾ ਖੋਲ੍ਹਦੇ ਹਨ। ਸੰਨ 1995 ਵਿਚ ਹੀ ਹੰਸ ਰਾਜ ਹੰਸ ਨੇ ਆਪਣੀ ਇਕ ਹੋਰ ਐਲਬਮ 'ਆਰ ਟੁੱਟਦੀ ਨਾ ਪਾਰ ਟੁੱਟਦੀ'[2] ਵਿਚ ਸੁਰਜੀਤ ਪਾਤਰ ਹੋਰਾਂ ਦੀ ਮਕਬੂਲ ਗ਼ਜ਼ਲ 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ ...' ਨੂੰ ਆਪਣੀ ਸੁਰੀਲੀ ਆਵਾਜ਼ ਦਿੱਤੀ। ਹੰਸ ਰਾਜ ਹੰਸ ਦੁਆਰਾ ਰਿਕਾਰਡ ਕਰਵਾਈਆਂ ਪਾਤਰ ਸਾਹਿਬ ਦੀਆਂ ਉਪਰੋਕਤ ਦੋਨੋਂ ਰਚਨਾਵਾਂ ਜਿੱਥੇ ਪੰਜਾਬੀ ਸਰੋਤਿਆਂ ਨੇ ਬੇਹੱਦ ਪਸੰਦ ਕੀਤੀਆਂ ਉੱਥੇ ਇਸ ਨਾਲ ਪੰਜਾਬੀ ਰਿਕਾਰਡ ਗਾਇਕੀ ਅੰਦਰ ਸਾਹਿਤਕ ਰਚਨਾਵਾਂ ਦੀ ਰਿਕਾਰਡਿੰਗ ਦਾ ਜੋ ਇੱਕ ਵੱਡਾ ਖੱਪਾ ਪਿਆ ਹੋਇਆ ਸੀ, ਇਸ ਸਦਕਾ ਉਹ ਵੀ ਪੂਰਿਆ ਜਾਣਾ ਸ਼ੁਰੂ ਹੋਇਆ। ਅਸੀਂ ਸਾਰੇ ਇਹ ਜਾਣਦੇ ਹਾਂ ਕਿ ਪਾਤਰ ਸਾਹਿਬ ਖ਼ੁਦ ਤਰੁੰਨਮ ਦੇ ਵਿਚ ਆਪਣੀਆਂ ਗ਼ਜ਼ਲਾਂ ਨੂੰ ਅਕਸਰ ਹੀ ਸਟੇਜਾਂ 'ਤੇ ਸੁਣਾਉਣ ਵਿਚ ਮਾਹਿਰ ਗਵੱਈਏ ਸਨ। ਉਹ ਅਕਸਰ ਹੀ ਆਪਣੀਆਂ ਗ਼ਜ਼ਲਾਂ ਨੂੰ ਗੁਣਗੁਣਾ ਕੇ ਸੁਰਬੱਧ ਕਰਨ ਦੇ ਨਾਲ-ਨਾਲ ਉਹਨਾਂ ਦੀਆਂ ਖ਼ੂਬਸੂਰਤ ਕੰਪੋਜੀਸ਼ਨਾਂ ਬਣਾ ਦਿੰਦੇ ਸਨ। ਉਹਨਾਂ ਇਕ ਨਿੱਜੀ ਚੈਨਲ 'ਤੇ ਇੰਟਰਵਿਊ ਵਿਚ ਵੀ ਇਸ ਗੱਲ ਵੱਲ ਇਸ਼ਾਰਾ ਕਰਦਿਆਂ ਇਹ ਦਲੀਲ ਦਿੱਤੀ ਹੈ ਕਿ ਗ਼ਜ਼ਲਾਂ ਲਿਖਣ ਉਪਰੰਤ ਜੇਕਰ ਤਰੁੰਨਮ ਵਿਚ ਗੁਣਗੁਣਾਉਂਦਿਆਂ ਕੰਪੋਜੀਸ਼ਨਾਂ ਬਣਾ ਲਈਆਂ ਜਾਣ ਤਾਂ ਉਹਨਾਂ ਵਿਚਲੀ ਬਹਿਰ ਅਤੇ ਮੀਟਰ-ਚਾਲ ਨੂੰ ਦਰੁੱਸਤ ਕੀਤਾ ਜਾ ਸਕਦਾ ਹੈ। ਇਸੇ ਨੁਕਤੇ ਨੂੰ ਸੰਜੀਦਗੀ ਨਾਲ ਅਪਣਾਉਂਦਿਆਂ ਸੰਨ 1996 ਵਿਚ ਸੁਰਜੀਤ ਪਾਤਰ ਹੋਰਾਂ ਨੇ ਖ਼ੁਦ

ਆਪਣੀਆਂ ਗ਼ਜ਼ਲਾਂ ਨੂੰ ਰਿਕਾਰਡ ਕਰਵਾਉਣ ਦਾ ਪ੍ਰਾਜੈਕਟ ਕੀਤਾ ਜੋ 'ਬਿਰਖ਼ ਜੋ ਸਾਜ਼ ਹੈ'[3] ਦੇ ਨਾਮ ਨਾਲ ਮਾਰਕਿਟ ਵਿਚ ਆਇਆ। ਇਹ ਆਪਣੀ ਕਿਸਮ ਦਾ ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਅੰਦਰ ਅਜਿਹਾ ਇਕ ਨਿਵੇਕਲਾ ਪ੍ਰਾਜੈਕਟ ਹੈ ਜਿਸ ਵਿਚਲੀਆਂ 11 ਗ਼ਜ਼ਲਾਂ ਜਿੱਥੇ ਸੁਰਜੀਤ ਪਾਤਰ ਸਾਹਿਬ ਨੇ ਲਿਖੀਆਂ ਉੱਥੇ ਬਕਾਇਦਾ ਉਹਨਾਂ ਨੂੰ ਆਪਣੀ ਧੀਮੀ ਅਤੇ ਸੁਰੀਲੀ ਆਵਾਜ਼ ਵਿਚ ਰਿਕਾਰਡ ਕਰਵਾਉਣ ਦਾ ਸਿਹਰਾ ਵੀ ਉਹਨਾਂ ਦੇ ਹੀ ਸਿਰ ਬੱਝਦਾ ਹੈ। ਨਿਰਸੰਦੇਹ ਕਵੀ ਦੇ ਤੌਰ 'ਤੇ ਭਾਵੇਂ ਉਹ ਇਸ ਪ੍ਰਾਜੈਕਟ ਤੋਂ ਬਹੁਤ ਲੰਮਾ ਸਮਾਂ ਪਹਿਲਾਂ ਸਥਾਪਿਤ ਹੋ ਚੁੱਕੇ ਸਨ ਪਰ ਇਸ ਪ੍ਰਾਜੈਕਟ ਸਦਕਾ ਉਹ ਪਹਿਲੀ ਵਾਰ ਪੰਜਾਬੀ ਰਿਕਾਰਡ ਗਾਇਕੀ ਦੇ ਇਤਿਹਾਸ ਅੰਦਰ ਬਕਾਇਦਾ ਇਕ ਗਾਇਕ ਵਜੋਂ ਵੀ ਆਪਣੀ ਸ਼ਮੂਲੀਅਤ ਕਰਦੇ ਹਨ, ਜਿਸਨੂੰ ਵਿਚਾਰਨਾ ਬਣਦਾ ਹੈ।

ਜਦੋਂ ਅਸੀਂ ਪੰਜਾਬੀ ਗੀਤ ਕਾਵਿ ਦੇ ਖੇਤਰ ਉੱਪਰ ਧਿਆਨ ਕੇਂਦਰਿਤ ਕਰਦੇ ਹਾਂ ਤਾਂ ਗੀਤ ਇਕ ਕਾਵਿ ਰੂਪਾਕਾਰ ਵਜੋਂ ਆਪਣੇ ਇਤਿਹਾਸਕ ਪ੍ਰਸੰਗ ਵਿਚ ਤਿੰਨ ਪੜ੍ਹਾਵਾਂ (ਲੋਕ ਗੀਤ, ਵਿਸ਼ਿਸ਼ਟ ਗੀਤ, ਰਿਕਾਰਡ ਗੀਤ) ਵਿਚ ਸਫ਼ਰ ਤਹਿ ਕਰਦਾ ਵੇਖਿਆ ਜਾ ਸਕਦਾ ਹੈ। ਧਿਆਨਦੇਣ ਯੋਗ ਨੁਕਤਾ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਗੀਤ ਕਾਵਿ ਪਰੰਪਰਾ ਦੇ ਪਹਿਲੇ ਦੋ ਪੜ੍ਹਾਵਾਂ (ਲੋਕ ਗੀਤਾਂ ਅਤੇ ਵਿਸ਼ਿਸ਼ਟ ਗੀਤਾਂ) ਦੇ ਸਬੰਧ ਵਿਚ ਤਾਂ ਵੱਡੀ ਮਾਤਰਾ ਵਿਚ ਖੋਜ ਕਾਰਜ ਹੋਇਆ ਮਿਲਦਾ ਹੈ ਪਰ ਰਿਕਾਰਡ ਹੋਏ ਗੀਤਾਂ ਨੂੰ ਸਾਹਿਤ ਦੀ ਵੰਨਗੀ ਨਾ ਮੰਨ ਕੇ ਵਿਦਵਾਨਾਂ ਵੱਲੋਂ ਹਮੇਸ਼ਾਂ ਹੀ ਇਹ ਕਹਿ ਕੇ ਮੂੰਹ ਫੇਰ ਲਿਆ ਜਾਂਦਾ ਰਿਹਾ ਹੈ ਕਿ ਰਿਕਾਰਡ ਗੀਤ ਦੀ ਟੈਕਸਟ ਸਾਹਿਤਕ ਨਹੀਂ ਹੁੰਦੀ ਫ਼ਲਸਰੂਪ ਇਸਦੇ ਬੋਲ ਸਾਹਿਤਕ ਮਿਆਰ ਦੇ ਨਹੀਂ ਹੁੰਦੇ ਜਾਂ ਫਿਰ ਇਹ ਅਸ਼ਲੀਲ ਕਿਸਮ ਦੇ ਹੁੰਦੇ ਨੇ ਪਰ ਅਜਿਹਾ ਨਹੀਂ, ਸਗੋਂ ਇਸ ਖੇਤਰ ਵਿਚ ਸੰਕੀਰਨਤਾ ਨੂੰ ਛੱਡ ਕੇ ਨਿੱਠ ਕੇ ਖੋਜ ਕਰਨ ਦੀ ਹਾਲੇ ਬਹੁਤ ਲੋੜ ਹੈ। ਦੂਜੀ ਗੱਲ, ਸਮਕਾਲ ਵਿਚ ਪੰਜਾਬ ਅੰਦਰ ਇਹ ਆਮ ਹੀ ਧਾਰਨਾ ਪ੍ਰਚੱਲਿਤ ਹੋ ਚੁੱਕੀ ਹੈ ਕਿ ਪੰਜਾਬੀ ਨੌਜਵਾਨੀ ਕੋਲ ਭਵਿੱਖ ਪ੍ਰਤੀ ਕਿਸੇ ਕਿਸਮ ਦਾ ਦ੍ਰਿਸ਼ਟੀਕੋਣ ਨਹੀਂ ਹੈ। ਜਿੱਥੇ ਉਸਦੀ ਅਗਵਾਈ ਕਰਨ ਵਾਲਾ ਕੋਈ ਨਹੀਂ ਹੈ ਉੱਥੇ ਪੜ੍ਹੀ-ਲਿਖੀ ਪੰਜਾਬੀ ਨੌਜਵਾਨ ਪੀੜ੍ਹੀ ਕੋਲ ਨਵੇਂ ਦਿੱਸਹੱਦਿਆਂ ਨੂੰ ਛੂਹਣ ਦੀ ਥਾਂ ਕੇਵਲ ਘੋਰ ਨਿਰਾਸ਼ਾ ਦਾ ਆਲਮ ਹੈ ਜਿਸ ਵਿਚ ਡੁੱਬੀ ਹੋਈ ਉਹ ਜਾਂ ਤਾਂ ਨਸ਼ੇ ਕਰਦੀ ਹੈ ਜਾਂ ਫਿਰ ਖ਼ੁਦਕੁਸ਼ੀਆਂ ਕਰਦੀ ਹੈ ਜੋ ਬਚ ਜਾਂਦੇ ਹਨ ਉਹ ਆਪਣਾ ਰੋਹ ਪ੍ਰਗਟ ਕਰਦੇ ਹੋਏ

ਹਥਿਆਰਾਂ ਨਾਲ ਲੈਸ ਹੋਏ ਮਹਿੰਗੀਆਂ ਗੱਡੀਆਂ ਅਤੇ ਬ੍ਰਾਂਡਿਡ ਵਸਤੂਆਂ ਦਾ ਉਪਭੋਗ ਕਰਦੇ ਖਪਤ-ਸਭਿਆਚਾਰ ਦਾ ਹਿੱਸਾ ਬਣਦੇ ਹਨ।ਇਸ ਪ੍ਰਦਰਸ਼ਨ ਵਿਚੋਂ ਹੀ ਹਿੰਸਕ ਵਰਤਾਰਿਆਂ ਵਾਲੇ ਮਾਰ-ਧਾੜ, ਹਥਿਆਰਾਂ ਅਤੇ ਗੈਂਗਸਟਰਾਂ ਨੂੰ ਉਤਸ਼ਾਹਿਤ ਕਰਦੇ ਹੋਏ ਗੀਤ ਧੜਾ-ਧੜ ਪੰਜਾਬੀ ਗਾਇਕੀ ਵਿਚ ਆਏ ਦਿਨ ਰਿਕਾਰਡ ਹੋ ਰਹੇ ਹਨ। ਸੋ ਸਮੁੱਚੇ ਰੂਪ ਵਿਚ ਅਜਿਹੇ ਗੀਤ ਪੰਜਾਬੀ ਨੌਜਾਵਨੀ ਨੂੰ ਨਾਂਹ-ਪੱਖੀ ਵਰਤਾਰੇ ਦੇ ਸਨਮੁਖ ਕਰਵਾਉਂਦੇ ਹੋਏ ਜ਼ਿੰਦਗੀ ਪ੍ਰਤੀ ਨਾਕਾਰਾਤਮਕ ਸੋਚ ਦੇ ਧਾਰਨੀ ਬਣਾਉਂਦੇ ਹਨ। ਭਾਵੇਂ ਪੰਜਾਬੀ ਗਾਇਕੀ ਵਿਚ ਗਿਣਾਤਮਕ ਪੱਖੋਂ ਅਜਿਹੇ ਗੀਤਾਂ ਦੀ ਭਰਮਾਰ ਵਧੇਰੇ ਹੈ ਪਰ ਫਿਰ ਵੀ ਸੁਰਜੀਤ ਪਾਤਰ ਦੁਆਰਾ ਲਿਖਿਆ ਕੋਈ ਇਕ-ਅੱਧਾ ਗੀਤ ਉਪਰੋਕਤ ਵਰਤਾਰੇ ਦੇ ਵਿਰੋਧ ਵਜੋਂ ਆਪਣਾ ਵੱਖਰਾ ਸਾਕਾਰਾਤਮਕ ਪੈਰਾਡਾਈਮ ਉਸਾਰਦਾ ਦੇਖਿਆ ਜਾ ਸਕਦਾ ਹੈ ਜਿਸਨੂੰ ਭਾਲਣ ਹਿੱਤ ਅਸੀਂ ਇਸ ਖੋਜ-ਪੱਤਰ ਦੇ ਅੰਤਰਗਤ ਉਹਨਾਂ ਦੇ ਰਿਕਾਰਡ ਹੋਏ ਕਲਾਮ ਸਬੰਧੀ ਡਾਟੇ ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਹੈ।

ਪਾਤਰ ਸਾਹਿਬ ਦਾ ਰਿਕਾਰਡ ਹੋਇਆ ਗੀਤ 'ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ' ਜੋ ਪਾਤਰ ਸਾਹਿਬ ਦੇ ਸਮੇਤ ਮਨਰਾਜ ਪਾਤਰ ਅਤੇ ਦੀਦਾਰ ਸਿੰਘ ਪਰਦੇਸੀ ਹੋਰਾਂ ਨੇ ਬਕਾਇਦਾ ਰਿਕਾਰਡ ਕਰਵਾਇਆ ਹੈ, ਉਸ ਵਿਚਲੀਆਂ ਮਾਨਵੀ ਸੰਵੇਨਦਨਾਵਾਂ ਨੂੰ ਸਮਝਣ ਦੀ ਅੱਜ ਬੇਹੱਦ ਲੋੜ ਹੈ। ਇਹ ਗੀਤ ਬੰਦੇ ਨੂੰ ਬੰਦਾ ਬਣਨ ਵੱਲ ਹੋੜਦਾ ਹੈ ਜਿਸ ਵਿਚਲਾ ਗਿਲਾਸ ਟੁੱਟਣ ਦਾ ਵਰਤਾਰਾ ਮਹਿਜ਼ ਸਧਾਰਨ ਵਰਤਾਰਾ ਨਾ ਰਹਿ ਕੇ ਜ਼ਿੰਦਗੀ ਦੇ ਉਸ ਵਿਸ਼ਾਲ ਕੈਨਵਸ ਤੱਕ ਆਪਣਾ ਸੁਹਜ-ਸੰਚਾਰ ਕਰ ਰਿਹਾ ਹੈ ਜਿਸ ਅੰਦਰ ਸਾਡੇ ਆਲੇ-ਦੁਆਲੇ ਫੈਲੇ ਪਦਾਰਥਕ ਵਰਤਾਰੇ ਦੇ ਸਮਾਨਾਂਤਰ ਮਾਨਵੀ ਸੱਧਰਾਂ ਅਤੇ ਮਨੁੱਖੀ ਭਾਵਨਾਵਾਂ ਦਾ ਗਵਾਚ ਚੁੱਕਿਆ ਪੈਰਾਡਾਈਮ ਮੁੜ ਉਸਾਰਿਆ ਜਾ ਰਿਹਾ ਹੈ। ਇਸ ਗੀਤ ਦੇ ਸਰੰਚਨਾਤਮਕ ਪੈਟਰਨ ਪਿੱਛੇ ਪਾਤਰ ਸਾਹਿਬ ਨੇ ਜੋ ਵਿਧੀ ਅਤੇ ਸ਼ੈਲੀ ਵਰਤੀ ਹੈ, ਉਹ ਲੋਕ ਗੀਤਾਂ ਵਿਚਲੀ ਮਾਂ-ਧੀ ਦੀ ਵਾਰਤਾਲਾਪੀ ਜੁਗਤ ਵਾਲੀ ਹੈ ਜਿਸਦੇ ਪਿਛੋਕੜ ਵਿਚ ਹੀਰ ਦਾ ਆਪਣੀ ਮਾਂ ਨਾਲ ਸੰਵਾਦ ਜਾਂ ਸੱਸੀ ਦਾ ਆਪਣੀ ਮਾਂ ਨਾਲ ਸੰਵਾਦ ਪਿਆ ਹੈ, ਜਿੱਥੇ ਧੀ ਆਪਣੀ ਮਾਂ ਨਾਲ ਸਹੇਲਪੁਣੇ ਦੇ ਰਿਸ਼ਤੇ ਵਿਚ ਜੀਵਨ ਵਿਚਲੀਆਂ ਤਬਦੀਲੀਆਂ ਅਤੇ ਔਕੜਾਂ ਨਾਲ ਨਜਿੱਠਣ ਦੇ ਗੁਰਾਂ ਨੂੰ ਬੜੇ ਸਰਲ ਢੰਗ ਰਾਹੀਂ ਸਿੱਖਦੀ ਹੋਈ ਆਪਣੀ ਮਾਂ ਨਾਲ ਤਰਕਮਈ ਦਲੀਲਾਂ ਕਰਦੀ ਹੈ। ਜਿੱਥੇ ਲੋਕ-

ਕਾਵਿ (ਸੁਹਾਗ, ਬਿਰਹੜੇ, ਛੇੜੇ, ਬੋਲੀ, ਟੱਪਾ ) ਵਿਚ ਥਾਂ-ਪੁਰ-ਥਾਂ ਇਸਦੇ ਹਵਾਲੇ ਵੇਖੇ ਜਾ ਸਕਦੇ ਉੱਥੇ ਰਿਕਾਰਡ ਗਾਇਕੀ ਦੇ ਅੰਤਰਗਤ ਬਾਬੂ ਸਿੰਘ ਮਾਨ ਹੋਰਾਂ ਦਾ ਗੀਤ 'ਬੁੱਝ ਮੇਰੀ ਮੁੱਠੀ ਵਿਚ ਕੀ ਮਾਏ ਮੇਰੀਏ, ਬੁੱਝ ਮੇਰੀ ਮੁੱਠੀ ਵਿਚ ਕੀ' ਵੀ ਇਸੇ ਸ਼ੈਲੀ ਦਾ ਗੀਤ ਹੈ। ਪਾਤਰ ਸਾਹਿਬ ਦਾ ਲਿਖਿਆ ਹੇਠਲਾ ਗੀਤ ਉਪਰੋਕਤ ਦੋਨਾਂ ਤੱਥਾਂ ਦੀ ਰੌਸ਼ਨੀ ਵਿਚ ਹਾਮੀ ਭਰਦਾ ਦੇਖਿਆ ਜਾ ਸਕਦਾ ਹੈ –

- ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ
  ਤੇ ਮੈਨੂੰ ਅੰਮੜੀ ਨੇ
  ਮੈਨੂੰ ਅੰਮੜੀ ਨੇ ਦਿੱਤੀਆਂ ਨੇ ਲੱਖ ਝਿੜਕਾਂ
  ਤੇ ਮੇਰੇ ਨੈਣਾਂ ਵਿਚੋਂ ਛਮ-ਛਮ ਨੀਰ ਫੁਟਿਆ
  ਮੇਰੇ ਨੈਣਾਂ ਵਿਚੋਂ
  ਮੇਰੀ ਅੰਮੀਏ ਨੀ ਮੈਨੂੰ ਇਕ ਗੱਲ ਦੱਸ ਦੇ
  ਲੋਕੀਂ ਦਿਲ ਤੋੜ ਦਿੰਦੇ ਨੇ ਤੇ ਕਿੱਦਾਂ ਹੱਸਦੇ ਨੇ
  ਲੋਕੀਂ ਦਿਲ ਤੋੜ ਦਿੰਦੇ … … …
  ਸਸਤੀਆਂ ਏਥੇ ਬਹੁਤ ਜ਼ਮੀਰਾਂ ਮਹਿੰਗੀਆਂ ਬਹੁਤ ਜ਼ਮੀਨਾਂ
  ਮਹਿੰਗਾ ਰਾਣੀ-ਹਾਰ ਤੇ ਸਸਤਾ ਸੱਧਰਾਂ ਭਰਿਆ ਸੀਨਾ
  ਦਿਲ ਦਾ ਨਿੱਘ ਨਾ ਮੰਗੇ ਕੋਈ ਸਭ ਮੰਗਦੇ ਪਸ਼ਮੀਨਾ
  ਅੱਜ ਮੇਰੇ ਕੋਲੋਂ ਕੱਚ ਦਾ ਗਲਾਸ ਟੁੱਟਿਆ … … …[4]

ਇਸ ਸੰਦਰਭ ਵਿਚ ਪਾਤਰ ਸਾਹਿਬ ਹੋਰਾਂ ਦਾ ਰਿਕਾਰਡ ਹੋਇਆ ਦੂਜਾ ਗੀਤ 'ਸੁੰਨੇ-ਸੁੰਨੇ ਰਾਹਾਂ ਵਿਚ ਕੋਈ-ਕੋਈ ਪੈੜ ਏ' ਜੋ ਰਾਜ ਗਾਇਕ ਹੰਸ ਰਾਜ ਹੰਸ ਹੋਰਾਂ ਨੇ ਆਪਣੀ ਆਵਾਜ਼ ਵਿਚ ਰਿਕਾਰਡ ਕਰਵਾਇਆ ਹੈ, ਉਸਨੂੰ ਵੀ ਘੋਖਣਾ ਬਣਦਾ ਹੈ। ਇਹ ਗੀਤ ਭਾਵੇਂ ਪਾਤਰ ਸਾਹਿਬ ਦੀ ਨਿੱਜੀ ਜ਼ਿੰਦਗੀ ਵਿਚਲੇ ਉਸ ਤਜ਼ੁਰਬੇ ਵਿਚੋਂ ਫੁੱਟਿਆ ਹੈ ਜਦੋਂ ਉਹਨਾਂ ਦੇ ਪਿਤਾ ਜੀ ਉਹਨਾਂ ਦੇ ਪਰਿਵਾਰ ਨੂੰ ਕੱਲਿਆਂ ਛੱਡ ਕੇ ਰੋਜ਼ੀ-ਰੋਟੀ ਕਮਾਉਣ ਪਰਾਈ ਧਰਤੀ 'ਤੇ ਚੱਲੇ ਸਨ, ਪਰ ਇਸ ਗੀਤ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਗੀਤ ਪੂਰਨ ਰੂਪ ਵਿਚ ਪੰਜਾਬੀ ਗੀਤ ਕਾਵਿ ਵਿਚਲੇ ਸਥਾਈ-ਅੰਤਰੇ ਦੀ ਜੁਗਤ ਦਾ ਪੂਰਨ ਪਾਬੰਦ ਗੀਤ ਹੈ ਜਿਸ ਵਿਚਲੀਆਂ ਸਥਾਈ ਦੀਆਂ ਸਤਰਾਂ ਕੇਵਲ ਪਾਤਰ ਸਾਹਿਬ ਦੀ ਨਿੱਜੀ ਮਨੋਦਸ਼ਾ ਨੂੰ ਹੀ ਪੇਸ਼ ਨਹੀਂ ਕਰਦੀਆਂ ਸਗੋਂ ਇਹ ਸਮਕਾਲ ਵਿਚਲੇ ਸਮੁੱਚੇ

ਵਰਤਾਰੇ ਨਾਲ ਆਪਣਾ ਸੰਵਾਦ ਰਚਾਉਂਦੀਆਂ ਹਨ। ਸੁੰਨੇ-ਸੁੰਨੇ ਰਾਹਾਂ ਵਿਚ ਕੋਈ-ਕੋਈ ਪੈੜ ਏ, ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖ਼ੈਰ ਏ ਮਹਿਜ਼ ਗੀਤ ਦੀ ਸਥਾਈ ਨਹੀਂ ਸਗੋਂ ਅਜੋਕੇ ਬੰਦੇ ਦੀ ਕੇਂਦਰੀ ਚੂਲ ਹੈ, ਜੋ ਪਦਾਰਥਕ ਵਰਤਾਰੇ ਦੇ ਢੇਰਾਂ ਅਤੇ ਰਿਸ਼ਤਿਆਂ ਦੀ ਫੋਕੀਆਂ ਪੰਡਾਂ ਦੇ ਹੁੰਦਿਆ ਹੋਇਆਂ ਵੀ ਦਿਲ ਦੇ ਉਦਾਸ ਹੋਣ ਦਾ ਕਾਰਨ ਟੋਲ ਰਹੀ ਹੈ। ਇਸ ਗੀਤ ਦੇ ਤਿੰਨ ਅੰਤਰੇ ਭਾਵੇਂ ਪਾਤਰ ਸਾਹਿਬ ਦੀ ਨਿੱਜੀ ਪੀੜ ਵਿਚੋਂ ਉੱਸਰੇ ਹਨ ਪਰ ਇਸ ਗੀਤ ਦਾ ਹੇਠਲਾ ਅੰਤਲਾ ਬੰਦ ਸਮੂਹਿਕ ਪੀੜ ਬਣ ਸਾਡੇ ਸਾਹਵੇਂ ਪਰਵਾਸ ਦੀ ਟੀਸ ਨੂੰ ਜਿਸ ਦੂਰ-ਅੰਦੇਸ਼ੀ ਨਾਲ ਪੇਸ਼ ਕਰਦਾ ਹੈ, ਅੱਜ ਉਸੇ ਪਰਵਾਸ ਦਾ ਵਰਤਾਰਾ ਕਿੰਨੇ ਭਿਆਨਕ ਮੋੜ 'ਤੇ ਖੜ੍ਹਾ ਹੈ, ਇਸ ਸਾਡੇ ਸਭ ਦੇ ਸਾਹਮਣੇ ਹੈ। ਇਸ ਅੰਤਰੇ ਦੀਆਂ ਅੰਤਲੀਆਂ ਸਤਰਾਂ ਦੇਸ਼ ਦੇ ਆਰਥਿਕ ਸਿਸਟਮ ਉੱਪਰ ਤਕੜਾ ਵਿਅੰਗ ਕਰਦੀਆਂ ਹਨ ਜਿਸ ਵਿਚ ਪਾਤਰ ਸਾਹਿਬ ਦੀ ਨਿੱਜੀ-ਪੀੜਾ (ਕਿਉਂਕਿ ਉਹਨਾਂ ਦੇ ਦੋਨੋਂ ਸਪੁੱਤਰ ਆਸਟ੍ਰੇਲੀਆ ਦੇ ਪੱਕੇ ਨਿਵਾਸੀ ਹਨ) ਸਮੂਹਿਕ ਪੀੜਾ ਵਿਚ ਸਮਾ ਜਾਂਦੀ ਹੈ। ਇਹੀ ਗੀਤਕਾਰ ਦਾ ਧਰਮ ਹੈ ਕਿਉਂਕਿ ਗੀਤ ਦਾ ਜਨਮ ਭਾਵੇਂ ਗੀਤਕਾਰ ਦੀ ਨਿੱਜੀ ਪੀੜਾ ਵਿਚੋਂ ਹੋਇਆ ਹੋਵੇ ਪਰ ਉਸਦੀ ਪ੍ਰਵਾਨਗੀ ਅਤੇ ਪਾਪੂਲਰਟੀ ਸਮੂਹਿਕ ਪੀੜਾ ਦੇ ਨਾਲ ਹੀ ਸਿਰ ਚੜ੍ਹਦੀ ਹੈ। ਇੱਥੇ ਇਹ ਵੀ ਗੌਲਣਯੋਗ ਨੁਕਤਾ ਹੈ ਕਿ ਉਹਨਾਂ ਨੇ ਇਸ ਬੰਦ ਵਿਚ ਪਰਵਾਸੀ ਪੰਜਾਬੀ ਲਈ 'ਪੰਛੀ' ਦਾ ਮੈਟਾਫ਼ਰ ਵਰਤਿਆ ਹੈ ਜਿਸਦੇ ਗਹਿਨ ਅਰਥਾਂ ਵਿਚ ਉਹਨਾਂ ਦਾ ਇਹ ਵਿਸ਼ਵਾਸ਼ ਪਿਆ ਹੈ ਕਿ ਪੰਜਾਬੀਆਂ ਲਈ ਪਰਵਾਸ ਪੰਛੀ ਦੀ ਉਸ ਉਡਾਰੀ ਵਾਂਗ ਹੈ, ਜਿਸ ਵਿਚ ਚੋਗਾ ਚੁਗ ਕੇ ਪੰਛੀ ਦਾ ਮੁੜ ਆਪਣੇ ਆਲ੍ਹਣੇ ਪਰਤਣਾ ਯਕੀਨੀ ਹੈ। ਦੇਰ-ਸਵੇਰ ਪੰਜਾਬ ਦੀ ਆਰਥਿਕ ਦਸ਼ਾ ਸੁਧਾਰਨ ਉਪਰੰਤ ਪੰਜਾਬੀ ਆਪਣੇ ਵਤਨ ਜ਼ਰੂਰ ਪਰਤਣਗੇ। ਇਸ ਗੀਤ ਦਾ ਹੇਠਲਾ ਬੰਦ ਉਪਰੋਕਤ ਤੱਥ ਦੀ ਹਾਮੀ ਭਰਦਾ ਦੇਖਿਆ ਜਾ ਸਕਦਾ ਹੈ –

- ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ
  ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ ...
  ਕਿੱਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ
  ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ
  ਕਿੰਨਾ ਹੈ ਹਾਨ ਦੇਸ ਓਦੋਂ ਪਤਾ ਲੱਗਿਆ
  ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ

ਝੁੱਲ ਓ ਤਰੰਗਿਆ ਤੂੰ ਝੁੱਲ ਸਾਡੀ ਖ਼ੈਰ ਏ
ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ … … …[5]

ਉਪਰੋਕਤ ਦੋਨੋਂ ਗੀਤਾਂ ਦੇ ਇਲਾਵਾ ਬਾਕੀ ਸਾਰੀ ਰਿਕਾਰਡਿੰਗ ਪਾਤਰ ਸਾਹਿਬ ਦੀਆਂ ਗ਼ਜ਼ਲਾਂ ਦੀ ਹੋਈ ਮਿਲਦੀ ਹੈ। ਜੇਕਰ ਰਿਕਾਰਡ ਹੋਈਆਂ ਇਹਨਾਂ ਗ਼ਜ਼ਲਾਂ ਵਿਚਲੇ ਡਾਟੇ ਦਾ ਅਧਿਐਨ ਕਰੀਏ ਤਾਂ ਸਾਡੇ ਕੋਲ ਇੱਕ ਨਤੀਜਾ ਇਹ ਵੀ ਸਾਹਮਣੇ ਆਉਂਦਾ ਹੈ ਕਿ ਗਿਣਾਤਮਕ ਪੱਖੋਂ ਰਿਕਾਰਡ ਹੋਈਆਂ ਗ਼ਜ਼ਲਾਂ ਵਿਚ ਉਹਨਾਂ ਗ਼ਜ਼ਲਾਂ ਦੀ ਬਹੁਤਾਤ ਵਧੇਰੇ ਹੈ ਜਿੰਨਾਂ ਗ਼ਜ਼ਲਾਂ ਦੇ ਸ਼ੇਅਰ ਪਾਤਰ ਸਾਹਿਬ ਅਕਸਰ ਹੀ ਸਟੇਜਾਂ ‘ਤੇ ਗੁਣਗੁਣਾਉਂਦੇ ਰਹਿੰਦੇ ਸਨ ਜਾਂ ਕਹਿ ਲਵੋ ਕਿ ਉਹ ਗ਼ਜ਼ਲਾਂ ਜੋ ਪਾਤਰ ਸਾਹਿਬ ਦੀਆਂ ਮਾਸਟਰਪੀਸ ਬਣ ਕੇ ਸਕੂਲਾਂ-ਕਾਲਜਾਂ ਦੇ ਪਾਠਕ੍ਰਮ ਦਾ ਹਿੱਸਾ ਵੀ ਬਣੀਆਂ ਜਾਂ ਫਿਰ ਉਹ ਸ਼ੇਅਰ ਜੋ ਸਟੇਜਾਂ ਉੱਪਰ ਪੰਜਾਬੀ ਦੇ ਪ੍ਰਸਿੱਧ ਸਟੇਜੀ ਕਲਾਕਾਰਾਂ ਮਸਲਨ ਸਤਿੰਦਰ ਸੱਤੀ, ਸਤਿੰਦਰ ਸਰਤਾਜ, ਗੁਰਪ੍ਰੀਤ ਘੁੱਗੀ ਸਮੇਤ ਕਈ ਕਲਾਕਾਰ, ਦਰਸ਼ਕਾਂ ਸਾਹਵੇਂ ਬੋਲ ਕੇ ਚੰਗੀ ਵਾਹ-ਵਾਹ ਖੱਟਦੇ ਰਹੇ ਹਨ। ਇਹਨਾਂ ਵਿਚੋਂ ਕੋਈ ਡਾਲੀਆਂ ‘ਚੋਂ ਲੰਘਿਆ ਹਵਾ ਬਣ ਕੇ, ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਹੁੰਦਾ ਸੀ ਏਥੇ ਸ਼ਖ਼ਸ ਇਕ, ਉੱਠ ਜਗ੍ਹਾ ਦੇ ਮੋਮਬੱਤੀਆਂ, ਲੱਗੀ ਨਜ਼ਰ ਪੰਜਾਬ ਨੂੰ, ਅਸਾਡੀ ਤੁਹਾਡੀ ਮੁਲਾਕਾਤ ਹੋਈ, ਚੱਲ ਪਾਤਰ ਉੱਠ ਢੂੰਢਣ ਚੱਲੀਏ, ਬੰਸਰੀ ਨਾਲ ਬਹਿਸ ਕੌਣ ਕਰੇ, ਤੂੰ ਖੁਸ਼ ਰਿਹਾ ਕਰ, ਨਿੱਤ ਸੂਰਜਾਂ ਨੇ ਚੜ੍ਹਨਾ ਨਿੱਤ ਸੂਰਜਾਂ ਨੇ ਲਹਿਣਾ, ਇਸ ਤਰ੍ਹਾ ਹੈ ਜਿਸ ਤਰ੍ਹਾਂ ਦਿਨ-ਰਾਤ ਵਿਚਲਾ ਫ਼ਾਸਲਾ, ਬਲਦਾ ਬਿਰਖ਼ ਹਾਂ, ਇਹ ਨੇ ਸਾਜ਼ ਸਾਜ਼ ਨਿਵਾਜ਼ ਤੂੰ, ਖ਼ੂਬ ਨੇ ਇਹ ਝਾਂਜਰਾਂ, ਮੇਰਾ ਸੂਰਜ ਡੁੱਬਿਆ ਹੈ ਅਤੇ ਹਰ ਸ਼ਾਮ ਅਸੀਂ ਭਟਕੇ ਵਰਗੀਆਂ ਗ਼ਜ਼ਲਾਂ ਰਿਕਾਰਡ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਆਪਣੀ ਨਿਵੇਕਲੀ ਹੋਂਦ ਦੀਆਂ ਲਖਾਇਕ ਹਨ। ਉਪਰੋਕਤ ਗ਼ਜ਼ਲਾਂ ਵਿਚੋਂ ਕੋਈ ਡਾਲੀਆਂ ‘ਚੋਂ ਲੰਘਿਆ ਹਵਾ ਬਣਕੇ, ਉੱਠ ਜਗਾ ਦੇ ਮੋਮਬੱਤੀਆਂ ਅਤੇ ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ਅਜਿਹੀਆਂ ਗ਼ਜ਼ਲਾਂ ਹਨ ਜੋ ਪਾਤਰ ਸਾਹਿਬ ਸਮੇਤ ਕਈ ਹੋਰਨਾਂ ਗਵੱਈਆਂ ਨੇ ਵੱਡੀ ਮਾਤਰਾ ਵਿਚ ਆਪਣੀ ਆਵਾਜ਼ ਵਿਚ ਰਿਕਾਰਡ ਕਰਵਾਈਆਂ ਹਨ ਅਤੇ ਯੂ-ਟਿਊਬ ਉੱਪਰ ਉਪਲੱਬਧ ਹਨ। ਇਹਨਾਂ ਗ਼ਜ਼ਲਾਂ ਦੇ ਜੇਕਰ ਥੀਮਿਕ ਪਾਸਾਰਾਂ ਬਾਰੇ ਗੱਲ ਕਰੀਏ ਤਾਂ ਇਹ ਸਾਰੀਆਂ ਗ਼ਜ਼ਲਾਂ ਵਿਚ ਪਾਤਰ ਸਾਹਿਬ ਨੇ ਪਿਆਰ-ਮੁਹੱਬਤ ਦੇ ਨਾਲ-ਨਾਲ ਆਪਣੇ ਨਿੱਜੀ ਅਹਿਸਾਸਾਂ ਨੂੰ

ਸਮੂਹਿਕਤਾ ਦਾ ਜਾਮਾ ਪਾਉਂਦਿਆਂ ਸਮਕਾਲ ਨਾਲ ਆਪਣਾ ਸੰਵਾਦ ਰਚਾਇਆ ਹੈ ਜਿਸ ਵਿਚ ਆਧੁਨਿਕ ਬੰਦੇ ਅੰਦਰ ਇਕਲਾਪਾ ਅਤੇ ਬੇਗ਼ਾਨਗੀ ਦਾ ਸੰਕਲਪ, ਵਿਖੰਡਤ ਮਾਨਸਿਕਤਾ, ਪਰਵਾਸ ਵਿਚਲੀ ਟੀਸ, ਪੰਜਾਬ ਦੀ ਪੇਤਲੀ ਪੈ ਚੁੱਕੀ ਆਰਥਿਕਤਾ ਅਤੇ ਮਾੜਾ ਪ੍ਰਸ਼ਾਸਨਿਕ ਅਤੇ ਨਿਆਂਇਕ ਢਾਂਚਾ, ਭ੍ਰਿਸ਼ਟਾਚਾਰੀ, ਦੇਸ਼-ਵੰਡ ਅਤੇ ਪੰਜਾਬ ਸੰਕਟ ਦੇ ਸਮੇਂ ਦੇ ਦੁਖਾਂਤ ਦੀ ਤਸਵੀਰਕਸ਼ੀ ਕੀਤੀ ਮਿਲਦੀ ਹੈ। ਭਾਵੇਂ ਕਿ ਪਾਤਰ ਸਾਹਿਬ ਨੇ ਉਪਰੋਕਤ ਗ਼ਜ਼ਲਾਂ ਅੰਦਰ ਪੰਜਾਬ ਦੇ ਅਤੀਤ ਤੋਂ ਲੈ ਕੇ ਸਮਕਾਲੀ ਦ੍ਰਿਸ਼ ਤੱਕ ਦੀ ਬਾਤ ਛੋਹਦਿਆਂ ਪੰਜਾਬੀ ਬੰਦੇ ਦੇ ਅਵਚੇਤਨ ਨੂੰ ਹਲੂਣਾ ਦਿੱਤਾ ਹੈ ਉੱਥੇ ਉਹਨਾਂ ਦੀਆਂ ਹੇਠ ਲਿਖੀਆਂ ਰਿਕਾਰਡ ਹੋਈਆਂ ਗ਼ਜ਼ਲਾਂ ਦੇ ਸ਼ੇਅਰ ਪੰਜਾਬੀ ਮਾਨਸਿਕਤਾ ਨੂੰ ਭਵਿੱਖਤ ਅਲਾਮਤਾਂ ਦੇ ਸੰਦਰਭ ਵਿਚ ਢਾਰਸ ਦਿੰਦੇ ਹੋਏ ਸਾਕਾਰਾਤਮਕਤਾ ਪ੍ਰਦਾਨ ਕਰਦੇ ਦੇਖੇ ਜਾ ਸਕਦੇ ਹਨ। ਇਹਨਾਂ ਰਿਕਾਰਡ ਗ਼ਜ਼ਲਾਂ ਦੇ ਸ਼ੇਅਰਾਂ ਅੰਦਰ ਪਾਤਰ ਸਾਹਿਬ ਪੰਜਾਬੀ ਬੰਦੇ ਨੂੰ ਮੁੜ ਤੋਂ ਆਸਵੰਦ ਕਰਦੇ ਹੋਏ ਜ਼ਿੰਦਗੀ ਦੇ ਜਸ਼ਨ ਦੀ ਹਾਮੀ ਭਰਦੇ ਹਨ, ਜਿਸਦੀ ਅੱਜ ਪੰਜਾਬ ਨੂੰ ਬੇਹੱਦ ਲੋੜ ਹੈ। ਵੱਖ-ਵੱਖ ਗਵੱਈਆਂ ਦੀ ਆਵਾਜ਼ ਵਿਚ ਰਿਕਾਰਡ ਹੋਏ ਪਾਤਰ ਸਾਹਿਬ ਦੇ ਹੇਠਲੇ ਸ਼ੇਅਰ ਅਤੇ ਗੀਤ ਦੀਆਂ ਸਤਰਾਂ ਇਸ ਸੰਦਰਭ ਵਿਚ ਗੌਲਣਯੋਗ ਹਨ –

- ਨਿੱਤ ਸੂਰਜਾਂ ਨੇ ਚੜ੍ਹਨਾ, ਨਿੱਤ ਸੂਰਜਾਂ ਨੇ ਲਹਿਣਾ
  ਪਰਬਤ ਤੋਂ ਸਾਗਰਾਂ ਵੱਲ ਨਦੀਆਂ ਨੇ ਰੋਜ਼ ਵਹਿਣਾ
  ਇਕ ਦੂਜੇ ਮਗਰ ਘੁੰਮਣਾ ਰੁੱਤਾਂ ਤੇ ਮੌਸਮਾਂ ਨੇ
  ਇਹ ਸਿਲਸਿਲਾ ਜੁਗੋ ਜੁਗ ਏਦਾਂ ਹੀ ਚੱਲਦੇ ਰਹਿਣਾ
  ਰੁਕਣੀ ਨਹੀਂ ਕਹਾਣੀ, ਬੱਝੇ ਨ ਰਹਿਣੇ ਪਾਣੀ
  ਰੂਹੋਂ ਬਗੈਰ ਸੱਖਣੇ, ਬੁਤ ਨਾ ਬਣਾ ਕੇ ਰੱਖਣੇ
  ਪਾਣੀ ਨੇ ਰੋਜ਼ ਤੁਰਨਾ, ਕੰਢਿਆਂ ਨੇ ਰੋਜ਼ ਖੁਰਨਾ
  ਖੁਰਦੇ ਨੂੰ ਦੇ ਦਿਲਾਸਾ, ਤੁਰਦੇ ਦੇ ਨਾਲ ਰਹਿਣਾ ....[6]

- ਤੂੰ ਖੁਸ਼ ਰਿਹਾ ਕਰ ਐਵੇਂ ਬਹੁਤਾ ਸੋਚਿਆ ਨ ਕਰ
  ਅਪਣੇ ਹੀ ਕੰਢੇ ਖੋਰ ਕੇ ਇਉਂ ਗੰਧਲਿਆ ਨ ਕਰ
  ਅੱਗੇ ਬਥੇਰੀ ਜ਼ਹਿਰ ਹੈ ਫੈਲੀ ਜਹਾਨ ਵਿਚ

ਗੁੱਸੇ 'ਚ ਆ ਕੇ ਬੋਲ ਕੌੜੇ ਬੋਲਿਆ ਨ ਕਰ
ਦੁਨੀਆਂ ਨੇ ਵਸਦੀ ਰਹਿਣਾ ਏ ਸਾਡੇ ਬਗੈਰ ਵੀ
ਤੂੰ ਐਵੇਂ ਤਪਿਆ, ਤੜਪਿਆ ਤੇ ਉਲਝਿਆ ਨ ਕਰ ....[7]

- ਜਗਾ ਦੇ ਮੋਮਬੱਤੀਆਂ

ਇਹ ਤਾਂ ਏਥੇ ਵਗਦੀਆਂ ਹੀ ਰਹਿਣੀਆਂ ਹਵਾਵਾਂ ਕੁਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਜ਼ਿੰਦਗੀ 'ਤੇ ਮਾਣ ਮੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
ਮੰਨਿਆ ਕਿ ਰਾਜ ਹਨੇਰੇ ਦਾ ਹਠੀਲਾ
ਪਰ ਅਜੇ ਜਿਉਂਦਾ ਏ ਕਿਰਨਾਂ ਦਾ ਕਬੀਲਾ
ਕਾਲਿਆਂ ਸਫ਼ਿਆਂ ਤੇ ਸਤਰਾਂ ਲਾਲ ਰੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
ਪੌਣ ਵਿੱਚ ਵਧ ਰਹੀ ਵਿਸ਼ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ
ਜ਼ਹਿਰ ਨੂੰ ਅਮ੍ਰਿਤ 'ਚ ਬਦਲੀ ਜਾਣ ਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
ਵਾਵਰੋਲੇ ਉਠਦੇ ਹੀ ਰਹਿੰਦੇ ਨੇ ਤੱਤੇ
ਪੱਤਝੜਾਂ ਨੇ ਝਾੜ ਦੇਣੇ ਆਕੇ ਪੱਤੇ
ਪਰ ਇਸ ਦਾ ਮਤਲਬ ਇਹ ਨਹੀਂ

ਕਿ ਪੁੰਗਰਨ ਨਾ ਪੱਤੀਆਂ
ਉੱਠ ਜਗਾ ਦੇ ਮੋਮਬੱਤੀਆਂ ... [8]

ਉਪਰੋਕਤ ਵਿਚਾਰ-ਚਰਚਾ ਦੇ ਆਧਾਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ ਕਿਸੇ ਸਮੇਂ ਸਰੋਦੀ ਗਾਇਕੀ ਦੇ ਤਹਿਤ ਜਿੱਥੇ ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਨੇ ਪੰਜਾਬੀ ਰਿਕਾਰਡ ਗਾਇਕੀ ਅੰਦਰ ਆਪਣੀ ਨਿਵੇਕਲੀ ਪਛਾਣ ਬਣਾਈ ਸੀ, ਉਹੀ ਪਛਾਣ ਸੁਰਜੀਤ ਪਾਤਰ ਦੀਆਂ ਰਿਕਾਰਡ ਗ਼ਜ਼ਲਾਂ ਨਾਲ ਮੁੜ ਬੱਝਦੀ ਹੈ। ਭਾਵੇਂ ਕਿ ਇਹ ਫ਼ਰਕ ਜ਼ਰੂਰ ਹੈ ਜਿੰਨੇ ਵੱਡੇ ਉਸਤਾਦ ਗਵੱਈਆਂ ਦਾ ਬੋਲ ਸ਼ਿਵ ਕੁਮਾਰ ਬਟਾਲਵੀ ਦੇ ਕਲਾਮ ਜਾਂ ਕਤੀਲ ਸ਼ਫਾਹੀ ਦੀਆਂ ਗ਼ਜ਼ਲਾਂ ਨੂੰ ਮਿਲਿਆ ਉਹ ਹਾਲੇ ਤੱਕ ਸੁਰਜੀਤ ਪਾਤਰ ਹੋਰਾਂ ਦੇ ਕਲਾਮ ਨੂੰ ਗਿਣਾਤਮਕ ਪੱਖੋਂ ਉੰਨੀ ਗਿਣਤੀ ਵਿਚ ਸ਼ਾਇਦ ਨਹੀਂ ਮਿਲਿਆ, ਜੋ ਮਿਲਣਾ ਚਾਹੀਦਾ ਸੀ। ਪਾਤਰ ਸਾਹਿਬ ਹੋਰਾਂ ਦੇ ਆਪਣੇ ਤਰੁੰਨਮ ਸਮੇਤ ਉਹਨਾਂ ਦੇ ਬੇਟੇ ਮਨਰਾਜ ਪਾਤਰ ਅਤੇ ਚਚੇਰੇ ਭਰਾ ਦੀਦਾਰ ਸਿੰਘ ਪਰਦੇਸੀ ਹੋਰਾਂ ਦੇ ਸੰਗੀਤਕ ਉੱਦਮਾਂ ਨੂੰ ਭਾਵੇਂ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਪੰਜਾਬੀ ਦੇ ਵੱਡੇ ਗਵੱਈਆਂ ਨੂੰ ਇਸ ਪਾਸੇ ਹੰਭਲਾ ਮਾਰਨ ਦੀ ਬੇਹੱਦ ਲੋੜ ਹੈ, ਕਿਉਂਕਿ ਪਾਤਰ ਸਾਹਿਬ ਦਾ ਲਿਖਿਆ ਕਲਾਮ ਨਿਰਸੰਦੇਹ ਵੱਡੇ ਰੁਤਬੇ ਵਾਲਾ ਹੈ, ਪਰ ਉਸਦੀ ਆਉਣ ਵਾਲੀਆਂ ਪੀੜ੍ਹੀਆਂ ਤੱਕ ਅਸਲ ਰਸਾਤਲ ਗਾਉਣ ਸਦਕਾ ਤੇ ਉਸ ਤੋਂ ਵੀ ਵੱਧ ਰਿਕਾਰਡ ਹੋਣ ਸਦਕਾ ਹੋਣੀ ਹੈ। ਤਾਂ ਹੀ ਅਸੀਂ ਉਹਨਾਂ ਦੇ ਅਮੀਰ ਸਾਹਿਤਕ ਸਰਮਾਏ ਨੂੰ ਸਾਂਭ-ਸੰਭਾਲਣ ਦੇ ਨਾਲ-ਨਾਲ ਉਸਦੀ ਡਿਜੀਟਲ ਡਾਕੂਮੈਂਟੇਸ਼ਨ ਕਰ ਸਕਦੇ ਹਾਂ, ਜੋ ਭਵਿੱਖ ਵਿਚ ਬੇਹੱਦ ਜ਼ਰੂਰੀ ਹੈ। ਇਹੀ ਉਹਨਾਂ ਦੇ ਸਰੀਰਕ ਤੌਰ 'ਤੇ ਇੱਥੋਂ ਤੁਰ ਜਾਣ ਦੇ ਉਪਰੰਤ ਸਾਡੀ ਉਹਨਾਂ ਪ੍ਰਤੀ ਅਤੇ ਉਹਨਾਂ ਦੀਆਂ ਲਿਖਤਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਮੈਨੂੰ ਆਸ ਹੀ ਨਹੀਂ ਬਲਕਿ ਮੇਰਾ ਪੂਰਨ ਵਿਸ਼ਵਾਸ਼ ਹੈ ਕਿ ਭਵਿੱਖ ਵਿਚ ਪੰਜਾਬੀ ਗਵੱਈਆਂ ਵਿਚੋਂ ਜ਼ਰੂਰ ਕੋਈ ਜਗਜੀਤ+ਚਿਤਰਾ ਸਿੰਘ ਵਾਂਗ ਪਾਤਰ ਸਾਹਿਬ ਦੇ ਕਲਾਮ ਨੂੰ ਰਿਕਾਰਡ ਕਰਵਾ ਕੇ ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਪਾਤਰ ਸਾਹਿਬ ਦਾ ਹੀ ਨਹੀਂ ਬਲਕਿ ਆਪਣਾ ਵਿਸ਼ੇਸ਼ ਮੁਕਾਮ ਨਿਰਧਾਰਿਤ ਕਰੇਗਾ।

## ਹਵਾਲੇ ਤੇ ਟਿੱਪਣੀਆਂ

1. ਹੰਸ ਰਾਜ ਹੰਸ (ਗਾਇਕ), ਇਸ਼ਕੇ ਦੀ ਬਰਸਾਤ (ਕੈਸਿਟ), ਸੁਰਜੀਤ ਪਾਤਰ (ਗੀਤਕਾਰ), ਚਰਨਜੀਤ ਆਹੂਜਾ (ਸੰਗੀਤਕਾਰ), ਟੀ.ਪੀ.ਐਮ. ਆਡੀਓ ਕੈਸਿਟ (ਕੰਪਨੀ), ਸਾਈਡ-ਏ (ਚੌਥਾ ਗੀਤ), 1993 (ਰਿਲੀਜ਼ ਸੰਨ)
2. ਹੰਸ ਰਾਜ ਹੰਸ (ਗਾਇਕ), ਆਰ ਟੁੱਟਦੀ ਨਾ ਪਾਰ ਟੁੱਟਦੀ (ਕੈਸਿਟ), ਸੁਰਜੀਤ ਪਾਤਰ (ਗ਼ਜ਼ਲਗੋ), ਚਰਨਜੀਤ ਆਹੂਜਾ (ਸੰਗੀਤਕਾਰ), ਟੀ-ਸੀਰੀਜ਼ (ਕੰਪਨੀ), ਸਾਈਡ-ਬੀ (ਪਹਿਲਾ ਗੀਤ), 1995 (ਰਿਲੀਜ਼ ਸੰਨ)
3. ਸੁਰਜੀਤ ਪਾਤਰ (ਗਾਇਕ ਅਤੇ ਗ਼ਜ਼ਲਗੋ), ਬਿਰਖ਼ ਜੋ ਸਾਜ਼ ਹੈ (ਐਲਬਮ), ਅਤੁੱਲ ਸ਼ਰਮਾ (ਸੰਗੀਤਕਾਰ), ਟੀ-ਸੀਰੀਜ਼ (ਕੰਪਨੀ), 1996 (ਰਿਲੀਜ਼ ਸੰਨ)
4. ਮਨਰਾਜ ਪਾਤਰ (ਗਾਇਕ ਅਤੇ ਸੰਗੀਤਕਾਰ), ਸੁਰਜੀਤ ਪਾਤਰ (ਗੀਤਕਾਰ), https://www.youtube.com/watch?v=W5X7dwSuXbo, 2 ਦਸੰਬਰ, 2019 (ਅਪਲੋਡ ਮਿਤੀ), 19 ਜੁਲਾਈ, 2024 (ਦੇਖਣ ਮਿਤੀ)
5. ਹੰਸ ਰਾਜ ਹੰਸ (ਗਾਇਕ), ਇਸ਼ਕੇ ਦੀ ਬਰਸਾਤ (ਕੈਸਿਟ), ਸੁਰਜੀਤ ਪਾਤਰ (ਗੀਤਕਾਰ), ਚਰਨਜੀਤ ਆਹੂਜਾ (ਸੰਗੀਤਕਾਰ), ਟੀ.ਪੀ.ਐਮ. ਆਡੀਓ ਕੈਸਿਟ (ਕੰਪਨੀ), ਸਾਈਡ-ਏ (ਚੌਥਾ ਗੀਤ), 1993 (ਰਿਲੀਜ਼ ਸੰਨ)
6. ਮਨਰਾਜ ਪਾਤਰ (ਗਾਇਕ), ਸੁਰਜੀਤ ਪਾਤਰ (ਗ਼ਜ਼ਲਗੋ), ਚੇਤਨ ਦੀਦਾਰ (ਸੰਗੀਤਕਾਰ), https://www.youtube.com/watch?v=t1PCmwB08og , 23 ਮਈ, 2017 (ਅਪਲੋਡ ਮਿਤੀ), 19 ਜੁਲਾਈ, 2024 (ਦੇਖਣ ਮਿਤੀ)
7. ਦੇਵ ਦਿਲਦਾਰ ਅਤੇ ਮਨਰਾਜ ਪਾਤਰ (ਗਾਇਕ), ਸੁਰਜੀਤ ਪਾਤਰ (ਗ਼ਜ਼ਲਗੋ), ਚੇਤਨ ਦਿਲਦਾਰ (ਸੰਗੀਤਕਾਰ), https://www.youtube.com/watch?v=U_Rbbn27FLs , 5 ਮਈ, 2020 (ਅਪਲੋਡ ਮਿਤੀ), 19 ਜੁਲਾਈ, 2024 (ਦੇਖਣ ਮਿਤੀ)
8. ਸਿਮਰਜੀਤ ਕੌਰ (ਗਾਇਕ), ਸੁਰਜੀਤ ਪਾਤਰ (ਗੀਤਕਾਰ), https://www.youtube.com/watch?v=p0R9GH9p57A , 30 ਮਈ, 2021 (ਅਪਲੋਡ ਮਿਤੀ), 19 ਜੁਲਾਈ, 2024 (ਦੇਖਣ ਮਿਤੀ)